# ਗੁਰੂ ਨਾਨਕ ਦੇਵ ਨਾਲ ਸੰਬੰਧਿਤ ਨਾਟਕਾਂ ਵਿਚ ਰਾਜਸੀ ਚੇਤਨਾ

ਡਾ. ਗੁਰਪ੍ਰੀਤ ਸਿੰਘ *

ਰਾਜਨੀਤਕ ਤੌਰ 'ਤੇ ਚੇਤੰਨ ਹੋਣਾ ਮਨੁੱਖ ਲਈ ਬਹੁਤ ਜ਼ਰੂਰੀ ਹੁੰਦਾ ਹੈ। ਇਸ ਚੇਤੰਨਤਾ ਵਿਚੋਂ ਪੈਦਾ ਹੋਏ ਨਜ਼ਰੀਏ ਨਾਲ ਉਹ ਸਮਾਜ ਨੂੰ ਬਿਹਤਰ ਢੰਗ ਨਾਲ ਜਾਣ ਸਕਦਾ ਹੈ ਅਤੇ ਇਸ ਵਿਚ ਵਿਚਰਨ ਲਈ ਆਪਣੇ-ਆਪ ਨੂੰ ਤਿਆਰ ਕਰ ਸਕਦਾ ਹੈ। ਪੁਰਾਤਨ ਕਾਲ ਤੋਂ ਹੀ ਮਨੁੱਖ ਵਿਚ ਰਾਜਨੀਤਕ ਚੇਤਨਾ ਵਿਦਮਾਨ ਰਹੀ ਹੈ। ਉਹ ਭਾਵੇਂ ਰਾਜਨੀਤਕ ਗਤੀਵਿਧੀਆਂ ਵਿਚ ਭਾਗ ਲੈਂਦਾ ਰਿਹਾ ਹੈ ਜਾਂ ਨਹੀਂ ਪਰ ਉਹ ਰਾਜਨੀਤੀ ਦੇ ਪੈਂਤੜਿਆਂ ਨੂੰ ਹੌਲੀ-ਹੌਲੀ ਜਾਣਦਾ ਹੈ ਅਤੇ ਰਾਜਨੀਤਕ ਚੇਤੰਨਤਾ ਵੱਲ ਵਧਦਾ ਹੈ।

ਰਾਜਨੀਤਕ ਚੇਤਨਾ ਪ੍ਰਾਪਤ ਕਰਨ ਦੇ ਤਮਾਮ ਢੰਗ-ਤਰੀਕਿਆਂ ਜਾਂ ਮਾਧਿਅਮਾਂ ਵਿਚੋਂ ਸਾਹਿਤ ਅਹਿਮ ਮੰਨਿਆ ਜਾਂਦਾ ਹੈ। ਸਾਹਿਤ ਅਤੇ ਰਾਜਨੀਤੀ (ਰਾਜਨੀਤਕ ਚੇਤਨਾ ਦੇ ਰੂਪ ਵਿਚ) ਦਾ ਆਪਸ ਵਿਚ ਗੂੜ੍ਹਾ ਸੰਬੰਧ ਹੁੰਦਾ ਹੈ। ਹਰ ਸਾਹਿਤਕ ਰੂਪਾਕਾਰ ਲਈ ਵਿਸ਼ਿਆਂ ਦੀ ਚੋਣ ਸਮਾਜ ਦੀਆਂ ਰਾਜਸੀ ਬਣਤਰਾਂ ਵਾਲੀਆਂ ਘਟਨਾਵਾਂ ਵਿਚੋਂ ਕੀਤੀ ਜਾਂਦੀ ਹੈ। ਇਕ ਪਾਸੇ ਮਾਰਕਸਵਾਦੀ ਦਰਸ਼ਨ ਸਾਹਿਤਕ ਰੂਪਾਕਾਰਾਂ ਵਿਚਲੇ ਕਲਾਤਮਕ ਗੁਣਾਂ ਦੀ ਅਹਿਮੀਅਤ ਨੂੰ ਸਵੀਕਾਰਦਾ ਹੋਇਆ ਇਸ ਵਿਚਲੇ ਸੁਹਜ ਅਤੇ ਰਾਜਨੀਤਕ ਚੇਤਨਾ ਨੂੰ ਪ੍ਰਮੁੱਖਤਾ ਦਿੰਦਾ ਹੈ ਅਤੇ ਦੂਜੇ ਪਾਸੇ ਸੰਰਚਨਾਵਾਦੀ ਅਤੇ ਉੱਤਰ-ਸੰਰਚਨਾਵਾਦੀ ਚਿੰਤਕ ਸਾਹਿਤ ਅਤੇ ਰਾਜਨੀਤੀ ਦੇ ਅੰਤਰ-ਸੰਬੰਧਾਂ ਨੂੰ ਸਮਝਣ ਲਈ ਸਾਹਿਤਕ ਰੂਪਾਕਾਰਾਂ ਨੂੰ ਸਮਾਜ-ਸਭਿਆਚਾਰਕ ਪ੍ਰਸੰਗਾਂ ਵਿਚ ਸਮਝਣ ਦੀ ਸਲਾਹ ਦਿੰਦੇ ਹਨ।

ਹੱਥਲੇ ਖੋਜ ਪੇਪਰ ਵਿਚ ਉਹਨਾਂ ਨਾਟਕਾਂ ਨੂੰ ਵਿਚਾਰਿਆ ਗਿਆ ਹੈ ਜਿਹੜੇ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ-ਸ਼ਤਾਬਦੀ ਦੇ ਸਮਰਪਣ ਵਿਚ ਸਿਰਜੇ ਗਏ ਹਨ ਅਤੇ ਜਿਨ੍ਹਾਂ ਦੀ ਸਿਰਜਨ-ਪ੍ਰਕਿਰਿਆ ਵਿਚ ਗੁਰੂ ਸਾਹਿਬਾਨਾਂ ਦੀ ਜੀਵਨ-ਸ਼ੈਲੀ, ਜੀਵਨ ਦਰਸ਼ਨ ਅਤੇ ਮਿੱਥ-ਦਰਸ਼ਨ ਪੇਸ਼ ਹੋਇਆ ਹੈ। ਇਹਨਾਂ ਨਾਟਕਾਂ ਵਿਚ ਮੱਧਕਾਲ ਦੇ ਰਾਜ-ਘਰਾਣਿਆਂ, ਕਾਨੂੰਨ ਵਿਸਸਥਾ, ਰਾਜ ਪ੍ਰਬੰਧ, ਇਤਿਹਾਸਮੁਖ ਘਟਨਾਵਾਂ ਅਤੇ ਲੋਕ ਮਾਨਸਿਕਤਾ ਨਾਲ ਸੰਬੰਧਿਤ ਉਹਨਾਂ ਸਰੋਕਾਰਾਂ ਨੂੰ ਪੇਸ਼ ਕੀਤਾ ਗਿਆ ਹੈ ਜਿਹੜੇ ਸਿੱਧੇ ਰੂਪ ਵਿਚ ਰਾਜਨੀਤਕ ਚੇਤਨਾ ਨਾਲ ਜੁੜੇ ਹੋਏ ਹਨ।

ਰਾਜਨੀਤਕ ਚੇਤਨਾ ਤੇ ਪ੍ਰਸੰਗ ਵਿਚ ਗੁਰੂ ਨਾਨਕ ਸਾਹਿਬ ਦੀ ਪੰਜਵੀਂ ਜਨਮ ਸ਼ਤਾਬਦੀ ਨੂੰ ਸਮਰਪਿਤ ਨਾਟਕਾਂ ਦੀ ਲੜੀ ਵਿਚੋਂ ਬਲਵੰਤ ਗਾਰਗੀ ਦਾ ਨਾਟਕ 'ਗਗਨ ਮੈ ਥਾਲੁ' ਵਿਸ਼ੇਸ਼ ਮਹੱਤਤਾ ਦਾ ਧਾਰਨੀ ਹੈ। ਇਸ ਨਾਟਕ ਵਿਚ ਗੁਰੂ ਨਾਨਕ ਦੇਵ ਜੀ ਦੀ ਜੀਵਨ ਸ਼ੈਲੀ ਅਤੇ ਉਨ੍ਹਾਂ ਨਾਲ ਜੁੜੀਆਂ ਸਾਖੀਆਂ ਨੂੰ ਕੇਂਦਰ ਵਿਚ ਰੱਖਦਿਆਂ, ਨਾਟਕ ਦੇ ਵਿਸ਼ਿਆਂ ਰਾਹੀਂ ਮੱਧਕਾਲੀ ਦੌਰ ਦੀ ਰਾਜਨੀਤਕ



*ਸਹਾਇਕ ਪ੍ਰੋਫ਼ੈਸਰ, ਪੰਜਾਬੀ, ਬਾਬਾ ਫ਼ਰੀਦ ਕਾਲਜ, ਬਠਿੰਡਾ। ਮੋ. +91 96466-00666

ਚੇਤਨਾ ਨੂੰ ਉਭਾਰਿਆ ਗਿਆ ਹੈ। ਮੱਧਕਾਲੀ ਭਾਰਤ ਦੇ ਸਮਾਜ ਵਿਚ ਜ਼ਬਰ-ਜ਼ੁਲਮ, ਕੂੜ-ਕਪਟ, ਰਾਜਸੀ ਭ੍ਰਿਸ਼ਟਾਚਾਰ, ਧਾਰਮਿਕ ਕਰਮਕਾਂਡ ਤੇ ਪਖੰਡਵਾਦ ਅਤੇ ਸਾਮੰਤਸ਼ਾਹੀ ਦੀ ਪ੍ਰਧਾਨਤਾ ਸੀ। ਅਜਿਹੀਆਂ ਸਮਾਜ-ਸਭਿਆਚਾਰਕ ਸਥਿਤੀਆਂ/ਪ੍ਰਸਥਿਤੀਆਂ ਤੋਂ ਮੁਕਤੀ ਲਈ ਇਕ ਯੁੱਗ-ਪੁਰਸ਼ ਦੀ ਲੋੜ ਸੀ। ਇਸ ਲੋੜ ਦੀ ਪੂਰਤੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਨਾਲ ਹੋਈ। ਨਾਟਕਕਾਰ ਨੇ ਇਸ ਨਾਟਕ ਦੀ ਤੀਜੀ ਝਾਕੀ ਵਿਚ ਮੱਧਕਾਲੀ ਦੌਰ ਦੀਆਂ ਉੱਪਰ ਕਥਿਤ ਰਾਜਨੀਤਕ ਸਥਿਤੀਆਂ ਨੂੰ ਗੁਰੂ ਨਾਨਕ ਨਾਲ ਸੰਬੰਧਤ ਸਾਖੀ ਸਾਹਿਤ ਦੀ ਦ੍ਰਿਸ਼ਟੀ ਤੋਂ ਪ੍ਰਸਤੁਤ ਕੀਤਾ ਹੈ। ਨਾਟਕ ਦੇ ਚੌਥੇ ਦ੍ਰਿਸ਼ ਵਿਚ ਮੱਧਕਾਲੀ ਇਸਲਾਮਿਕ ਰਾਜਸੱਤਾ ਅੰਦਰ ਫ਼ੈਲੇ ਰਾਜਨੀਤਕ ਭ੍ਰਿਸ਼ਟਾਚਾਰ ਅਤੇ ਧਾਰਮਿਕ ਕੱਟੜਤਾ ਨੂੰ ਪੇਸ਼ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਮੱਧਕਾਲ ਦੀਆਂ ਅਜਿਹੀਆਂ ਅਲਾਮਤਾਂ ਨੂੰ ਰੱਦ ਕਰਨ ਲਈ ਧਰਮ ਦੇ ਰਸਤੇ ਨੂੰ ਵਡਿਆਇਆ ਅਤੇ ਅਜਿਹੀ ਰਾਜਸੀ ਚੇਤਨਾ ਦੇ ਪ੍ਰਸਾਰ ਦਾ ਵਾਤਾਵਰਣ ਸਿਰਜਿਆ ਜਿਸ ਨਾਲ ਉੱਪਰ ਕਥਿਤ ਭ੍ਰਿਸ਼ਟਤੰਤਰ ਨੂੰ ਰੱਦ ਕੀਤਾ ਜਾ ਸਕਦਾ ਸੀ। ਉਹਨਾਂ ਨੇ ਆਪਣੇ ਉਪਦੇਸ਼ਾਂ ਰਾਹੀਂ ਇਹ ਦੱਸਿਆ ਹੈ ਕਿ ਜਦੋਂ ਬੇ-ਸ਼ੁਮਾਰ ਦੌਲਤ ਦੇ ਮਾਲਕ ਦੂਸਰੇ ਦੇ ਹੱਕਾਂ ਨੂੰ ਹੜੱਪਦੇ ਹਨ ਤਾਂ ਸਮਾਜ ਅੰਦਰ ਆਰਥਿਕ ਨਾ-ਬਰਾਬਰੀ ਪੈਦਾ ਹੁੰਦੀ ਹੈ, ਜਿਸਦਾ ਹੱਲ ਰਾਜਨੀਤਕ ਚੇਤਨਾ ਰਾਹੀਂ ਹੀ ਸੰਭਵ ਹੁੰਦਾ ਹੈ। ਇਹ ਵਿਚਾਰ ਇਸ ਨਾਟਕ ਦਾ ਕੇਂਦਰੀ ਥੀਮ ਵੀ ਹਨ। ਗੁਰੂ ਨਾਨਕ ਸਾਹਿਬ ਦੁਆਰਾ ਲਾਲੋ ਤਰਖਾਣ ਦੇ ਘਰੋਂ ਰੋਟੀ ਖਾਣ ਦੇ ਨਾਟਕੀ ਵੇਰਵੇ, ਸਿੱਖ ਲਹਿਰ ਦੇ ਮਾਨਵਵਾਦੀ ਉਦੇਸ਼ਾਂ ਤੇ ਸੰਦੇਸ਼ਾਂ ਦੇ ਭਾਵ ਅਰਥਾਂ ਨੂੰ ਰਾਜਨੀਤਕ ਚੇਤਨਾ ਵਜੋਂ ਸੰਚਾਰਿਤ ਕਰਦੇ ਹਨ। ਨਾਟਕ ਦੇ ਤੀਸਰੇ ਦ੍ਰਿਸ਼ ਵਿਚ ਸੁਲਤਾਨ ਦੌਲਤ ਖ਼ਾਨ ਲੋਧੀ ਅਤੇ ਸੁਲਤਾਨ ਇਬਰਾਹੀਮ ਲੋਧੀ ਦੇ ਇਤਿਹਾਸਕ ਤਣਾਓ ਰਾਹੀਂ ਮੱਧਕਾਲੀ ਰਾਜਨੀਤੀ ਦੇ ਅੰਦਰੂਨੀ ਮੁਹਾਂਦਰੇ ਨੂੰ ਪੇਸ਼ ਕੀਤਾ ਗਿਆ ਹੈ। ਇਸ ਪ੍ਰਸੰਗ ਵਿਚ ਨਾਟਕਕਾਰ ਸਮਾਜਕ ਪ੍ਰਸਥਿਤੀਆਂ ਉੱਤੇ ਵਿਅੰਗ ਕਰਕੇ ਇਕ ਚੇਤਨਾ ਪੈਦਾ ਕਰਦਾ ਹੈ। ਇਸ ਨਾਟਕ ਦਾ ਨਾਇਕ ਗੁਰੂ ਨਾਨਕ ਦੇਵ ਸਮਾਜਕ ਨਿਆਂ, ਧਾਰਮਿਕ ਆਜ਼ਾਦੀ ਅਤੇ ਮਾਨਵ ਹਿਤੈਸ਼ੀ ਕਦਰਾਂ-ਕੀਮਤਾਂ ਦੀ ਬਹਾਲੀ ਲਈ ਉਪਦੇਸ਼ ਦਿੰਦਾ ਹੈ। ਨਾਟਕ ਵਿਚ ਪੇਸ਼ ਹੋਈਆਂ ਦੌਲਤ ਖਾਨ ਦੀਆਂ ਰਾਜਨੀਤਕ ਚਾਲਾਂ ਸਪੱਸ਼ਟ ਕਰਦੀਆਂ ਹਨ ਉਹ ਕਿ ਦਿੱਲੀ ਦਾ ਤਖ਼ਤ ਹਥਿਆਉਣ ਲਈ ਹਰ ਸੰਭਵ ਯਤਨ ਕਰਦਾ ਹੈ। ਇਸ ਪ੍ਰਸੰਗ ਵਿਚ ਨਾਟਕ ਵਿਚਲਾ ਇਹ ਸੰਵਾਦ ਵਿਚਾਰਿਆ ਜਾ ਸਕਦਾ ਹੈ:

ਮਰਦਾਨਾ:-ਸੁਣਿਆ ਹੈ ਉਸ ਨੇ ਦੋਲਤ ਖ਼ਾਨ ਨੂੰ ਦਿੱਲੀ ਦਾ ਤਖ਼ਤ ਦਿਵਾਉਣ ਦਾ ਵਹਿਦਾ ਕੀਤਾ ਹੈ, ਪਰ ਕੋਈ ਬਾਹਰਲਾ ਆਦਮੀ ਆ ਕੇ ਕਿਸੇ ਨੂੰ ਤਖ਼ਤ ਨਹੀਂ ਦਿਵਾਉਂਦਾ ਸਗੋਂ ਖ਼ੁਦ ਤਖ਼ਤ ਉੱਤੇ ਬੈਠਦਾ ਹੈ। ਮੇਰਾ ਗੁਰੂ ਆਖਦਾ ਹੈ ਕਿ ਜੇ ਬਾਬਰ ਆਇਆ ਤਾਂ ਇੱਥੋਂ ਦੇ ਸਭ ਮੰਦਰ ਲੁੱਟੇ ਜਾਣਗੇ, ਧਰਮ, ਸ਼ਰਮ ਮੂੰਹ ਲੁਕਾਈ ਫਿਰਨਗੇ, ਝੂਠ ਦਾ ਰਾਜ ਹੋਵੇਗਾ ਤੇ ਖ਼ੂਨ ਦੇ ਦਰਿਆ ਵਗਣਗੇ।[1]

ਨਾਟਕ ਦਾ ਚੌਥਾ ਦ੍ਰਿਸ਼ ਬਾਬਰ ਦੁਆਰਾ ਭਾਰਤ ਉੱਤੇ ਕੀਤੇ ਹਮਲੇ ਦੇ ਵੇਰਵਿਆਂ ਨੂੰ ਰੂਪਮਾਨ ਕਰਦਾ ਹੈ। ਇਸ ਸਮੇਂ ਦੌਰਾਨ ਹੋਏ ਅਮਨੁੱਖੀ ਵਿਵਹਾਰ, ਗ਼ੈਰ-ਕੁਦਰਤੀ ਰਾਜਨੀਤਕ ਹਾਲਾਤ, ਬਾਬਰ ਦੀ ਜਿੱਤ ਆਦਿ ਵੇਰਵੇ ਭਾਰਤੀ ਜਨ-ਸੱਤਾ ਦੀ ਕਮਜ਼ੋਰੀ ਨੂੰ ਵੀ ਰੂਪਮਾਨ ਕਰਦੇ ਹਨ। ਇਨ੍ਹਾਂ ਰਾਜਨੀਤਕ ਵੇਰਵਿਆਂ ਤੋਂ ਸਪੱਸ਼ਟ ਨਜ਼ਰ ਆਉਂਦਾ ਹੈ ਕਿ ਭਾਰਤੀ ਸ਼ਾਸਕ ਆਪਣੀ ਰਾਜ-ਸੱਤਾ ਬਚਾਉਣ ਲਈ ਇਕ-ਦੂਜੇ ਨਾਲ ਧੋਖੇਬਾਜੀਆਂ ਕਰਦੇ ਰਹੇ ਹਨ। ਇਸ ਤਰ੍ਹਾਂ ਦੀਆਂ ਘਟਨਾਵਾਂ ਦਰਸ਼ਕਾਂ ਨੂੰ ਰਾਜਨੀਤਕ ਪੱਧਰ ਤੇ ਚੇਤੰਨ ਕਰਦੀਆਂ ਹਨ।

ਗੁਰੂ ਨਾਨਕ ਦੇਵੀ ਜੀ ਦੀ ਜਨਮ-ਸ਼ਤਾਬਦੀ ਨੂੰ ਮੁੱਖ ਰੱਖ ਕੇ ਲਿਖਿਆ ਕਪੂਰ ਸਿੰਘ ਘੁੰਮਣ ਦਾ ਨਾਟਕ 'ਵਿਸਮਾਦ ਨਾਦੁ' ਵੀ ਪਾਠਕ ਅੰਦਰ ਰਾਜਸੀ ਚੇਤਨਾ ਪੈਦਾ ਕਰਨ ਦਾ ਉੱਤਮ ਨਮੂਨਾ ਹੈ। ਇਸ ਨਾਟਕ ਵਿਚ ਇਹ ਕਾਰਜ 'ਕਰਾਮਾਤ' ਵਰਗੀਆਂ ਰੂੜੀਆਂ ਅਤੇ 'ਬਾਣੀ' ਦੇ ਨਾਲ-ਨਾਲ ਜਨਮ ਸਾਖੀਆਂ ਨੂੰ ਆਧਾਰ ਬਣਾ ਕੇ ਕੀਤਾ ਗਿਆ ਹੈ। ਨਾਟਕ ਵਿਚਲੀਆਂ ਕਰਾਮਾਤਾਂ, ਜਾਦੂਮਈ ਕੌਤਕਾਂ ਦੀ ਥਾਂ ਕਿਸੇ ਉਪਦੇਸ਼ ਨੂੰ ਸੰਚਾਰਿਤ ਕਰਦੀਆਂ ਹਨ ਜਿਵੇਂ ਕਿ ਲਾਲੋ ਅਤੇ ਮਲਿਕ ਭਾਗੋ ਦੀ ਸਾਖੀ ਵਿਚਲੀ ਕਰਾਮਾਤ ਮਨੁੱਖ ਨੂੰ ਕਰਮ ਦੇ ਮਹੱਤਵ ਨਾਲ ਜੋੜਦੀ ਹੈ ਅਤੇ ਪੁੰਨ, ਪਾਪ ਵਿਚਲੇ ਅੰਤਰ ਨੂੰ ਸਮਝਣ ਲਈ ਪ੍ਰੇਰਦੀ ਹੈ। ਇਉਂ ਹੀ ਹਰਿਦੁਆਰ ਵਾਲੀ ਖੇਤਾਂ ਨੂੰ ਪਾਣੀ ਦੇਣ ਵਾਲੀ ਸਾਖੀ ਮਨੁੱਖ ਨੂੰ ਵਹਿਮਾਂ-ਭਰਮਾਂ ਤੋਂ ਮੁਕਤ ਕਰਕੇ ਵਿਗਿਆਨਕ ਦ੍ਰਿਸ਼ਟੀ ਤੋਂ ਸੋਚਣ ਲਈ ਚੇਤੰਨ ਕਰਦੀ ਹੈ। 'ਵਿਸਮਾਦ ਨਾਦੁ' ਨਾਟਕ ਵਿਚ ਇਹਨਾਂ ਵੇਰਵਿਆਂ ਨੂੰ ਵਿਸ਼ਾ-ਵਸਤੂ ਵਜੋਂ ਵਰਤਕੇ ਮਨੁੱਖ ਵਿਚ ਰਾਜਸੀ ਚੇਤਨਾ ਪੈਦਾ ਕਰਨਾ ਨਾਟਕਕਾਰ ਦਾ ਥੀਮਕ ਉਦੇਸ਼ ਹੈ। ਸ.ਸ. ਅਮੋਲ ਦੁਆਰਾ ਲਿਖੇ ਨਾਟਕ 'ਪਤਿਤ-ਪਾਵਨ' ਦਾ ਵਿਸ਼ਾ-ਵਸਤੂ ਗੁਰੂ ਨਾਨਕ ਸਾਹਿਬ ਦੇ ਜਨਮ ਤੋਂ ਪਹਿਲਾਂ ਦੀਆਂ ਸਮਾਜਕ, ਧਾਰਮਕ ਅਤੇ ਰਾਜਨੀਤਕ ਘਟਨਾਵਾਂ ਨਾਲ ਸੰਬੰਧਿਤ ਹੈ। ਨਾਟਕ ਦੇ ਆਰੰਭ ਵਿਚ 'ਫ਼ਕੀਰ' ਪਾਤਰ ਸਮਾਜ ਅੰਦਰ ਰਾਜਨੀਤਕ ਅਸਥਿਰਤਾ ਅਤੇ ਅਤਿਆਚਾਰਾਂ ਦੇ ਪੈਦਾ ਹੋਣ ਦਾ ਪ੍ਰਮੁੱਖ ਕਾਰਨ ਧਾਰਮਿਕ ਕੱਟੜਤਾ ਅਤੇ ਸਮੇ ਦੀ ਸਥਾਪਤੀ ਮੰਨਦਾ ਹੈ। ਨਾਟਕਕਾਰ ਨੇ ਇਸ ਵੇਰਵੇ ਨੂੰ ਆਪਣੇ ਨਾਟਕ ਵਿਚਲੇ ਫਕੀਰ ਦੇ ਸੰਵਾਦ ਰਾਹੀਂ ਪੇਸ਼ ਕੀਤਾ ਹੈ:-

ਫ਼ਕੀਰ :- ਇਹ ਤਾਂ ਲੁਟੇਰਿਆਂ ਤੇ ਜਾਬਰਾਂ ਨੇ ਮਾੜਿਆਂ ਨੂੰ ਕੁਚਲਣ ਲਈ ਮਜ਼ਬ ਦੀ ਆੜ ਲੈ ਲਈ ਏ।[2]

ਨਾਟਕ ਵਿਚ ਰਾਜਨੀਤਕ ਸੱਤਾ ਦੇ ਮਜ਼ਹਬੀ ਜ਼ੁਲਮ ਦਾ ਸ਼ਿਕਾਰ ਜ਼ਿਆਦਾਤਰ ਨਿਮਨ-ਹਿੰਦੂ ਹੁੰਦੇ ਦਿਖਾਏ ਗਏ ਹਨ। ਅਜਿਹੀ ਸਥਿਤੀ ਵਿਚ ਹਿੰਦੂਆਂ ਅਤੇ ਸਿੱਖਾਂ ਦਾ ਇਕੱਠੇ ਵਿਚਰਨਾ ਕਾਨੂੰਨੀ ਅਪਰਾਧ ਮੰਨਿਆ ਗਿਆ ਹੈ। ਨਾਟਕ ਵਿਚਲਾ 'ਫ਼ਕੀਰ' ਮਾਨਵਤਾ ਅਤੇ ਭਾਈਚਾਰੇ ਖਾਤਰ ਲੜਨ

ਵਾਲਾ ਅਜਿਹਾ ਪਾਤਰ ਹੈ ਜੋ ਜ਼ੁਲਮ ਦੀ ਹਨ੍ਹੇਰੀ ਨੂੰ ਠੱਲਣ ਲਈ ਕੁਰਬਾਨੀਆਂ ਦੇਣ ਲਈ ਚੇਤੰਨ ਹੈ। ਨਾਟਕ ਵਿਚਲਾ ਇਹ ਸੰਵਾਦ ਵੇਖਿਆ ਜਾ ਸਕਦਾ ਹੈ:-

ਫ਼ਕੀਰ:-ਭਰਾਵੋ, ਜ਼ਿੰਦਗੀ ਮੰਗਿਆ ਨਹੀਂ ਮਿਲਦੀ ਹੁੰਦੀ। ਖ਼ਾਨ ਸਾਹਿਬ, ਮਾਰੋ, ਮੈਨੂੰ ਜ਼ਰੂਰ ਮਾਰੋ। ਹਾਥੀਆਂ ਹੇਠ ਲਿਤਾੜੋ, ਕੁੱਤਿਆਂ ਕੋਲੋਂ ਪੜਵਾਓ। ਮੇਰੇ ਖ਼ੂਨ ਨਾਲ ਇਸ ਧਰਤੀ ਨੂੰ ਸਿੰਜੋ।[3]

ਇਸ ਪ੍ਰਸੰਗ ਵਿਚ ਨਾਟਕਕਾਰ ਅਜਿਹੀ ਚੇਤਨਾ ਨੂੰ ਸੰਚਾਰਿਤ ਕਰਦਾ ਜਾਪਦਾ ਹੈ ਕਿ ਜ਼ੋਰ-ਜ਼ੁਲਮ ਦੇ ਖਿਲਾਫ਼ ਸੰਘਰਸ਼ਸ਼ੀਲ ਹੋਣ ਲਈ ਆਮ ਲੋਕਾਂ ਵਿਚ ਹੌਂਸਲਾ ਪੈਦਾ ਕਰਨ ਲਈ ਕੁਰਬਾਨੀਆਂ ਦੇਣ ਵਾਲੇ ਯੋਧਿਆਂ ਦੀ ਪ੍ਰੇਰਨਾ ਦੀ ਜ਼ਰੂਰਤ ਹੁੰਦੀ ਹੈ। ਰਾਜਸੀ ਚੇਤਨਾ ਦੀ ਦ੍ਰਿਸ਼ਟੀ ਤੋਂ ਜਨ ਸਮੂਹ ਵਿਚ ਆਪਣੇ ਧਾਰਮਿਕ ਆਗੂਆਂ ਦੇ ਕਿਰਦਾਰ ਤੋਂ ਪ੍ਰੇਰਿਤ ਹੋ ਕੇ ਆਪਣੇ ਸਵੈ-ਮਾਨ ਬਾਰੇ ਆ ਰਹੀ ਜਾਗਰੂਕਤਾ, ਸਮਾਜ-ਸਭਿਆਚਾਰਕ ਅਤੇ ਧਾਰਮਿਕ ਪ੍ਰਸਥਿਤੀਆਂ ਵਿਚ ਆਉਣ ਵਾਲੀ ਤਬਦੀਲੀ ਦੀ ਸੂਚਕ ਹੁੰਦੀ ਹੈ। ਜਦੋਂ ਨਾਟਕ ਵਿਚਲੇ ਅਖੌਤੀ ਧਾਰਮਿਕ ਆਗੂ ਆਮ ਲੋਕਾਂ ਨੂੰ ਇਹ ਸੰਦੇਸ਼ ਦਿੰਦੇ ਹਨ ਕਿ ਦਿੱਲੀ ਦੀ ਰਾਜ ਗੱਦੀ ਦਾ ਮਾਲਕ ਸਾਰੇ ਜਹਾਨ ਦਾ ਮਾਲਕ ਹੈ, ਇਸ ਲਈ ਉਸ ਦੁਆਰਾ ਕੀਤੇ ਸਾਰੇ ਜ਼ੁਲਮ ਮੁਆਫ਼ ਹਨ, ਤਾਂ ਇਸਦੇ ਵਿਰੋਧ ਵਿਚ ਨਾਟਕ ਦਾ ਪਾਤਰ 'ਦੂਜਾ ਆਦਮੀ' ਰਾਜਸੀ ਤੌਰ 'ਤੇ ਇਕ ਚੇਤਨ ਵਿਅਕਤੀ ਦੇ ਰੂਪ ਵਿਚ ਸੰਵਾਦ ਰਚਾਉਂਦਾ ਹੈ :-

ਦੂਜਾ ਆਦਮੀ :-ਹੱਦ ਹੋ ਗਈ, ਪਈ ਹੱਦ ਹੋ ਗਈ, ਢੀਡ ਪੁਣੇ, ਬੇਸ਼ਰਮੀ ਤੇ ਨੀਚਤਾ ਦੀ ਵੀ ਕੋਈ ਹੱਦ ਹੁੰਦੀ ਏ। ਉਏ ਜੀਉਂਦਿਆਂ ਨੂੰ ਹਾਥੀਆਂ ਥੱਲੇ ਕੁਚਲਣ ਵਾਲੇ ਤੇ ਨਿਦੋਸ਼ਿਆਂ ਨੂੰ ਕੁੱਤਿਆਂ ਤੋਂ ਪੜਵਾਉਣ ਵਾਲੇ, ਸ਼ਿਵਾਲਿਆਂ ਨੂੰ ਢਾਹੁਣ ਵਾਲੇ, ਗਊ, ਬ੍ਰਾਹਮਣ ਨੂੰ ਕੋਹਣ ਵਾਲੇ, ਆਪਣਿਆਂ, ਪਰਾਇਆਂ ਤੋਂ ਮਾਲ ਖੋਹਣ ਵਾਲੇ, ਰੱਬ ਹੋ ਗਏ ਤੇ ਅਸੀਂ ਹੀ ਗੁਨਾਹਗਾਰ ਰਹਿ ਗਏ, ਜਿਨ੍ਹਾਂ ਕਦੇ ਡਰਦੇ ਮਾਰਿਆਂ ਘਰ ਦੀ ਚੂਹੀ ਨੂੰ ਹੀ ਨੀਂ ਮਾਰਿਆ। ਪੋਹਰਿਆਂ ਪੋਹਰਿਆਂ ਕਰਕੇ ਬਾਲ ਬੱਚੇ ਨੂੰ ਪਾਲਣ ਲਈ ਚਾਰ ਪੈਸੇ ਕਮਾਉਂਦੇਆਂ, ਫੇਰ ਵੀ ਸੁੱਖ ਦਾ ਸਾਹ ਲੈਣਾ ਨਹੀਂ ਮਿਲਦਾ।[4]

ਇਸ ਤਰ੍ਹਾਂ ਨਾਟਕਕਾਰ ਆਮ ਲੋਕਾਂ ਨੂੰ ਰਾਜ ਸੱਤਾ ਦੇ ਕਿਰਦਾਰ ਤੋਂ ਜਾਣੂ ਕਰਵਾਕੇ ਉਨ੍ਹਾਂ ਅੰਦਰ ਰਾਜ ਸੱਤਾ ਅਤੇ ਦਮਨਕਾਰੀ-ਤੰਤਰ ਵਿਰੁੱਧ ਸੰਘਰਸ਼ਸ਼ੀਲ ਹੋਣ ਲਈ ਪ੍ਰੇਰਿਤ ਕਰਦਾ ਹੈ। ਤੁਲਨਾਤਮਕ ਪੱਖ ਤੋਂ ਨਾਟਕੀ ਘਟਨਾਵਾਂ ਗੁਰੂ ਨਾਨਕ ਸਾਹਿਬ ਦੇ ਜਨਮ ਤੋਂ ਪਹਿਲਾਂ ਦੀ ਰਾਜਨੀਤੀ ਅਤੇ ਉਨ੍ਹਾਂ ਦੇ ਜਨਮ ਤੋਂ ਬਾਅਦ ਦੀ ਸਮਾਜਕ-ਰਾਜਨੀਤਕ ਸਥਿਤੀ ਨੂੰ ਬਿਆਨ ਕਰਦੀਆਂ ਹਨ। ਇਹ ਘਟਨਾਵਾਂ ਗੁਰੂ ਨਾਨਕ ਦੀ ਵਿਚਾਰਧਾਰਾ ਦੇ ਲੜ ਲੱਗ ਕੇ ਪਵਿੱਤਰਤਾ ਅਤੇ ਪਾਵਨਤਾ ਵਿਚ ਪ੍ਰਵੇਸ਼ ਕਰਦੇ ਅਵਾਮ ਦੀਆਂ ਭਾਵਨਾਵਾਂ ਨੂੰ ਬਿਆਨ ਕਰਦੀਆਂ ਹਨ।

ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ ਸ਼ਤਾਬਦੀ ਨੂੰ ਸਮਰਪਿਤ ਨਾਟਕਾਂ ਵਿਚ ਪ੍ਰੋ. ਹਰਚਰਨ ਸਿੰਘ ਦਾ ਨਾਟਕ 'ਪੁੰਨਿਆ ਦਾ ਚੰਨ' ਵੀ ਗੌਲਣਯੋਗ ਹੈ। ਇਸ ਨਾਟਕ ਦੀਆਂ ਘਟਨਾਵਾਂ ਗੁਰੂ ਨਾਨਕ

ਸਾਹਿਬ ਦੇ ਜਨਮ ਤੋਂ ਪਹਿਲਾਂ ਦੀਆਂ ਸਮਾਜਕ, ਧਾਰਮਿਕ ਅਤੇ ਰਾਜਨੀਤਕ ਹਾਲਤਾਂ ਨੂੰ ਰੂਪਮਾਨ ਕਰਦੀਆਂ ਹਨ। ਨਾਟਕਕਾਰ ਸਮਾਜ ਦੇ ਨੀਵੇਂ ਵਰਗਾਂ ਉੱਤੇ ਹੋ ਰਹੇ ਅੱਤਿਆਚਾਰਾਂ ਦਾ ਪ੍ਰਮੁੱਖ ਕਾਰਨ ਇਸਲਾਮੀ ਦਮਨਕਾਰੀ ਨੀਤੀ ਨੂੰ ਮੰਨਦਾ ਹੋਇਆ ਜਨ-ਸਮੂਹ ਨੂੰ ਸੰਗਠਿਤ ਹੋ ਕੇ ਰਾਜਨੀਤਕ ਸੰਘਰਸ਼ ਲਈ ਪ੍ਰੇਰਦਾ ਹੈ। ਨਾਟਕਕਾਰ ਨਾਟਕੀ ਪਾਤਰ 'ਬਾਬੇ' ਅਤੇ ਮੁਗ਼ਲ ਸਿਪਾਹੀਆਂ ਦੀ ਵਾਰਤਾਲਾਪ ਰਾਹੀਂ ਗੁਰੂ ਨਾਨਕ ਦੇਵ ਦਾ ਜਨਮ ਹੋਣ ਨਾਲ ਜਨ-ਸਮੂਹ ਉੱਤੇ ਆਈਆਂ ਮੁਸੀਬਤਾਂ ਦਾ ਹੱਲ ਹੋਣ ਦੀ ਕਾਮਨਾ ਪੇਸ਼ ਕਰਦਾ ਹੈ:-

ਬਾਬਾ:-ਮਾਸੂਮਾਂ ਦੇ ਖ਼ੂਨ 'ਚੋਂ ਏਸ ਜ਼ੁਲਮ ਦਾ ਬਦਲਾ ਲੈਣ ਵਾਲਾ ਪੈਦਾ ਹੋਵੇਗਾ, ਜਿਸ ਦੇ ਨਾਂ ਤੋਂ ਤੁਹਾਡੀਆਂ ਪਠਾਣੀਆਂ ਘਰਾਂ ਵਿਚ ਬੈਠੀਆਂ ਕੰਬਣਗੀਆਂ।[5]

ਇਉਂ ਨਾਟਕਕਾਰ ਗੁਰੂ ਨਾਨਕ ਦੇ ਜਨਮ ਤੋਂ ਪਹਿਲਾਂ ਦੇ ਰਾਜਨੀਤਕ ਹਾਲਾਤ ਅਤੇ ਤਤਕਾਲੀ ਸਮਾਜਕ, ਧਾਰਮਿਕ, ਰਾਜਨੀਤਕ ਹਾਲਾਤ ਨੂੰ ਰੂਪਮਾਨ ਕਰਦਾ ਹੋਇਆ ਪਾਠਕ ਵਰਗ ਲਈ ਰਾਜਨੀਤਕ ਚੇਤਨਾ ਦਾ ਅਰਥਵਿਸਥਾਰ ਕਰਦਾ ਹੈ। ਨਾਟਕ ਵਿਚ 'ਸੁਣੀ ਪੁਕਾਰ ਦਾਤਾਰ ਪ੍ਰਭੂ ਗੁਰੂ ਨਾਨਕ ਜਗਮਾਹਿ ਪਠਾਯਾ' ਦੇ ਬੋਲਾਂ ਰਾਹੀਂ ਗੁਰੂ ਨਾਨਕ ਦੇਵ ਦੇ ਬਿੰਬ ਨੂੰ ਪ੍ਰਗਟਾਇਆ ਗਿਆ ਹੈ ਜੋ ਰਾਜਸੀ ਚੇਤਨਾ ਉਤਪਨ ਕਰਨ ਦਾ ਬਿਹਤਰੀਨ ਮਾਧਿਅਮ ਹੈ। ਪ੍ਰੋ. ਆਤਮਜੀਤ ਸਿੰਘ ਅਮਰ ਅਨੁਸਾਰ :-

"ਪਰੋਖ ਰੂਪ ਵਿਚ ਇਹ ਨਾਟਕ ਗੁਰੂ ਨਾਨਕ ਦੇਵ ਜੀ ਦੇ ਜੀਵਨ ਜਾਂ ਆਦਰਸ਼ ਨਾਲ ਸੰਬੰਧਿਤ ਨਹੀਂ ਹੈ। ਨਾ ਹੀ ਰਾਜਾ ਲਖਦਾਤਾ ਸਿੰਘ ਵਾਂਗ ਇਸ ਦਾ ਆਸ਼ਾ ਸੁਧਾਰਕ ਹੈ। ਇਸ ਵਿਚ ਤਾਂ ਕੇਵਲ ਗੁਰੂ ਨਾਨਕ ਸਾਹਿਬ ਦੇ ਆਗਮਨ ਸਮੇਂ ਭਾਰਤ ਅਤੇ ਵਿਸ਼ੇਸ਼ ਕਰਕੇ ਪੰਜਾਬ ਦੀ ਜੋ ਆਰਥਕ, ਸਮਾਜਕ ਤੇ ਧਾਰਮਕ ਹਾਲਤ ਸੀ, ਉਸ ਦੀ ਇਕ ਝਾਕੀ ਹੈ। ਨਾਟਕਕਾਰ ਨੇ ਗੁਰੂ ਨਾਨਕ ਦੀ ਭਾਰਤੀ ਸਮਾਜ ਤੇ ਧਰਮ ਨੂੰ ਦੇਣ ਬਾਰੇ ਇਕ ਵੀ ਵਾਰਤਾਲਾਪ ਬੁਲਵਾਉਣ ਤੋਂ ਬਗ਼ੈਰ ਹੀ ਗੁਰੂ ਸਾਹਿਬ ਦੀ ਵਿਸ਼ੇਸ਼ ਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਨੂੰ ਸਾਖਿਆਤ ਕੀਤਾ ਹੈ ਜਿਸ ਨੇ ਸਬੰਧਤ ਸਮਾਜ ਦੇ ਉੱਥਲ-ਪੁੱਥਲ ਵਿਚ ਗੁਰੂ ਨਾਨਕ ਦੀ ਲੋੜ ਨੂੰ ਦਰਸਾਇਆ ਹੈ"।[6]

ਇਸ ਨਾਟਕ ਵਿਚ ਗੁਰੂ ਨਾਨਕ ਦੇਵ ਜੀ ਦਾ ਬਿੰਬ ਆਪ ਦੀ ਗੁਰਬਾਣੀ ਨੂੰ ਆਧਾਰ ਬਣਾ ਕੇ ਸਿਰਜਿਆ ਗਿਆ ਹੈ। ਨਾਟਕ ਵਿਚ ਪੇਸ਼ ਮੱਧਕਾਲੀ ਸਮਾਜ-ਸਭਿਆਚਾਰਕ ਸਥਿਤੀਆਂ/ਪ੍ਰਸਥਿਤੀਆਂ ਗੁਰੂ ਨਾਨਕ ਦੇ ਇਸ ਬਿੰਬ ਨੂੰ ਮਹਿਮਾਮਈ ਬਣਾਉਂਦੀਆਂ ਪ੍ਰਤੀਤ ਹੁੰਦੀਆਂ ਹਨ।

ਇਸ ਹੀ ਕੜੀ ਵਿਚ ਗੁਰਦਿਆਲ ਸਿੰਘ ਫੁੱਲ ਦੁਆਰਾ ਲਿਖੇ ਨਾਟਕ 'ਜਿਨ ਸਚੁ ਪਲੈ ਹੋਇ' ਦੀਆਂ ਘਟਨਾਵਾਂ ਇਤਿਹਾਸਕ ਅਤੇ ਧਾਰਮਿਕ ਹਾਲਾਤ ਨੂੰ ਪੇਸ਼ ਕਰਨ ਦੇ ਨਾਲ-ਨਾਲ ਰਾਜਸੱਤਾ ਦੇ ਅਮਾਨਵੀ ਵਿਵਹਾਰ ਨੂੰ ਉਘਾੜਦੀਆਂ ਹੋਈਆਂ ਰਾਜਸੀ ਚੇਤਨਾ ਪੈਦਾ ਕਰਦੀਆਂ ਹਨ। ਹਰਚਰਨ

ਸਿੰਘ ਦੇ ਨਾਟਕ 'ਮਿਟੀ ਧੁੰਧੁ ਜਗਿ ਚਾਨਣੁ ਹੋਆ' ਵਿਚ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦਾ ਨਿਰੂਪਣ ਕਰਦਿਆਂ ਮੱਧਕਾਲੀ ਸਮਾਜ ਅੰਦਰ ਫੈਲੀ ਜਾਤ-ਪਾਤ, ਭੇਦ-ਭਾਵ, ਊਚ-ਨੀਚ, ਰਿਸ਼ਵਤ ਖੋਰੀ ਅਤੇ ਭ੍ਰਿਸ਼ਟ ਵਿਵਸਥਾ ਦਾ ਵਰਣਨ ਕੀਤਾ ਗਿਆ ਹੈ। ਨਾਟਕਕਾਰ ਨਾਟਕ ਦੀ ਸਿਰਜਣ ਪ੍ਰਕਿਰਿਆ ਦਾ ਆਧਾਰ ਬਣੀ ਸਾਮੱਗਰੀ 'ਜਨਮਸਾਖੀਆਂ', 'ਸਿੱਖ ਲਹਿਰ ਦੀ ਵਿਚਾਰਧਾਰਾ' ਅਤੇ 'ਸਿਧਾਂਤ' ਨੂੰ ਕੇਂਦਰ ਵਿਚ ਰੱਖ ਕੇ ਸਿੱਖ ਵਿਚਾਰਧਾਰਾ ਨੂੰ ਰਾਜਨੀਤਕ ਚੇਤਨਾ ਦੇ ਸੰਦਰਭ ਵਿਚ ਪੇਸ਼ ਕਰਦਾ ਹੈ। ਸੁਰਜੀਤ ਸਿੰਘ ਸੇਠੀ ਦਾ ਨਾਟਕ 'ਗੁਰ ਬਿਨੁ ਘੋਰ ਅੰਧਾਰੁ' ਗੁਰੂ ਨਾਨਕ ਕਾਲ ਦੀਆਂ ਸਮਾਜਕ, ਧਾਰਮਿਕ, ਆਰਥਿਕ ਅਤੇ ਰਾਜਸੀ ਸਥਿਤੀਆਂ ਨੂੰ ਵਿਭਿੰਨ ਧਰਾਤਲਾਂ ਤੋਂ ਪੇਸ਼ ਕਰਦਾ ਹੈ। ਨਾਟਕ ਵਿਚ ਪਾਤਰ ਸ਼ੇਖ, ਮੌਲਵੀ, ਪੁਜਾਰੀ ਬਦੀ ਦੀ ਭੂਮਿਕਾ ਨਿਭਾਉਂਦੇ ਹਨ ਜਦ ਕਿ ਫ਼ਕੀਰ ਅਤੇ ਪਾਗ਼ਲ ਵਰਗੇ ਮਾਨਵਵਾਦੀ ਪਾਤਰ ਸਮਾਜ ਵੱਲੋਂ ਪਾਗ਼ਲ ਐਲਾਨੇ ਗਏ ਹਨ। 'ਮਲਕਾ' ਇਕ ਅਜਿਹਾ ਪਾਤਰ ਹੈ ਜੋ ਮਜਬੂਰੀ ਕਰਕੇ ਵਿਭਿੰਨ ਪ੍ਰਕਾਰ ਦੇ ਕੰਮ-ਧੰਦੇ ਕਰਦਾ ਹੈ। ਨਾਟਕਾਰ ਇਨ੍ਹਾਂ ਪਾਤਰਾਂ ਦੇ ਕਾਰਜਾਂ ਨੂੰ ਆਧਾਰ ਬਣਾ ਕੇ ਸਪੱਸ਼ਟ ਕਰਨਾ ਚਾਹੁੰਦਾ ਹੈ ਕਿ ਜਦੋਂ ਸੱਤਾ ਉੱਤੇ ਕਾਬਜ਼ ਧਿਰਾਂ ਦਾ ਅਸਲ ਕਿਰਦਾਰ ਜਨ-ਸਮੂਹ ਅੱਗੇ ਨਸ਼ਰ ਹੋਵੇਗਾ ਤਾਂ ਉਨ੍ਹਾਂ ਦੁਆਰਾ ਕੀਤੇ ਹਰ ਪ੍ਰਕਾਰ ਦਾ ਜ਼ਬਰ ਦਾ ਹਿਸਾਬ ਲਿਆ ਜਾਵੇਗਾ। ਪਾਂਧੀ ਨਨਕਾਣਵੀ ਦੇ ਨਾਟਕ 'ਹੱਕ ਪਰਾਇਆ ਨਾਨਕਾ' ਵਿਚ ਮਲਿਕ ਭਾਗੋ ਵਾਲੀ ਸਾਖੀ ਦਾ ਪ੍ਰਸੰਗ ਉਲੀਕਦਿਆਂ ਮੱਧਕਾਲ ਅਤੇ ਵਰਤਮਾਨ ਸਮਾਜ ਅੰਦਰ ਫੈਲੇ ਉਸ ਸਾਧਨ ਸੰਪੰਨ ਸਮਾਜ ਦੀ ਨਿਸ਼ਾਨਦੇਹੀ ਕੀਤੀ ਗਈ ਹੈ ਜਿਸ ਦੇ ਹੱਥ ਰਾਜ ਸੱਤਾ, ਨਿਆਂਪਾਲਿਕਾ ਅਤੇ ਧਰਮ ਦੀ ਲਗਾਮ ਹੈ। ਨਾਟਕਕਾਰ ਸਪੱਸ਼ਟ ਕਰਦਾ ਹੈ ਕਿ ਰਾਜਸੱਤਾ 'ਤੇ ਕਾਬਜ਼ ਧਿਰਾਂ ਮਲਿਕ ਭਾਗੋ ਵਾਂਗ ਦਿਨ-ਬ-ਦਿਨ ਅਮੀਰ ਹੁੰਦੀਆਂ ਜਾ ਰਹੀਆਂ ਹਨ ਪਰੰਤੂ ਗਰੀਬ ਧਿਰਾਂ ਦੀ ਸਥਿਤੀ ਲਾਲੋ ਵਾਂਗ ਬਦ ਤੋਂ ਬਦਤਰ ਹੋ ਰਹੀ ਹੈ। ਨਾਟਕੀ ਘਟਨਾਵਾਂ ਵਿਚ ਮਲਿਕ ਭਾਗੋ, ਸਿਕੰਦਰ, ਪੁਜਾਰੀ, ਮੌਲਵੀ, ਕਾਜ਼ੀ ਅਤੇ ਪਾਂਧਾ ਆਦਿ ਸਥਾਪਤੀ ਦੇ ਅਜਿਹੇ ਸੰਕੇਤ ਹਨ ਜੋ ਮੱਧਕਾਲੀਨ ਸਮਾਜਕ, ਧਾਰਮਿਕ, ਰਾਜਨੀਤਕ ਸਰਪ੍ਰਸਤੀ ਹਾਸਲ ਕਰਕੇ ਰਿਸ਼ਵਤ, ਝੂਠ, ਜ਼ੁਲਮ ਅਤੇ ਮੱਕਾਰੀ ਦੇ ਧਾਰਕ ਬਣਦੇ ਹਨ।

ਸਮੁੱਚੇ ਅਧਿਐਨ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਜਨਮ ਸ਼ਤਾਬਦੀ ਨਾਲ ਸੰਬੰਧਿਤ ਨਾਟਕਾਂ ਵਿਚਲੀ ਰਾਜਸੀ ਚੇਤਨਾ ਦਾ ਮੁਹਾਂਦਰਾ ਧਾਰਮਿਕ ਅਤੇ ਅਧਿਆਤਮਕ ਰੰਗਤ ਵਾਲਾ ਹੈ। ਜਿੱਥੇ ਗੁਰੂ ਨਾਨਕ ਸਾਹਿਬ ਨੇ ਮਨੁੱਖੀ ਜੀਵਨ ਦੇ ਵਿਭਿੰਨ ਪਹਿਲੂਆਂ ਨੂੰ 'ਸਚਿਆਰ', 'ਗੁਰਮੁਖ', 'ਸੱਚ', 'ਇਮਾਨਦਾਰੀ' ਅਤੇ 'ਇਕਓਂਕਾਰ' ਦੇ ਦ੍ਰਿਸ਼ਟੀਕੋਣ ਤੋਂ ਪਰਿਭਾਸ਼ਿਤ ਕੀਤਾ ਉੱਥੇ ਨਾਟਕਕਾਰ ਵੀ ਗੁਰੂ ਸਾਹਿਬ ਦੀ ਵਿਚਾਰਧਾਰਾ ਨੂੰ ਕੇਂਦਰ ਵਿਚ ਰੱਖ ਕੇ ਮੱਧਕਾਲੀ ਦੌਰ ਦੀ ਰਾਜਸੀ ਚੇਤਨਾ ਨੂੰ ਸਾਹਮਣੇ ਲਿਆਉਂਦੇ ਹਨ। ਜਨਮ ਸ਼ਤਾਬਦੀ ਦੇ ਪ੍ਰਭਾਵ ਹੇਠ ਲਿਖੇ ਇਹਨਾਂ ਨਾਟਕਾਂ ਦੇ ਮੂਲ ਵਿਸ਼ੇ

ਸਮਾਜ ਵਿਚ ਫੈਲੀਆਂ ਕੁਰੀਤੀਆਂ ਨੂੰ ਦੂਰ ਕਰਦੇ ਹੋਏ ਸਿੱਖ ਵਿਚਾਰਧਾਰਾ ਨੂੰ ਸੰਚਾਰਿਤ ਕਰਨ ਦਾ ਵਾਤਾਵਰਣ ਸਿਰਜਦੇ ਹਨ। ਇਨ੍ਹਾਂ ਨਾਟਕਾਂ ਵਿਚ ਸਿੱਖ ਵਿਚਾਰਧਾਰਾ ਅਤੇ ਗੁਰੂ ਨਾਨਕ ਦੇਵ ਦੇ ਫ਼ਲਸਫ਼ੇ ਨੂੰ ਸੰਚਾਰਿਤ ਕਰਨ ਲਈ ਵਿਭਿੰਨ ਨਾਟ-ਸ਼ੈਲੀਆਂ ਵਿਚੋਂ ਯੂਨਾਨੀ ਨਾਟ ਸ਼ੈਲੀ, ਸੰਸਕ੍ਰਿਤ ਨਾਟ ਸ਼ੈਲੀ, ਲੋਕਨਾਟ-ਸ਼ੈਲੀ, ਪੱਛਮੀ ਨਾਟ ਸ਼ੈਲੀ ਅਤੇ ਮਿਸ਼ਰਿਤ ਨਾਟ ਸ਼ੈਲੀ ਦੀ ਖੁੱਲ੍ਹੇ ਰੂਪ ਵਿਚ ਵਰਤੋਂ ਹੋਈ ਮਿਲਦੀ ਹੈ।

**ਹਵਾਲੇ ਅਤੇ ਟਿੱਪਣੀਆਂ :**


1. ਬਲਵੰਤ ਗਾਰਗੀ, ਗਗਨ ਮੇ ਥਾਲੁ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 1969, ਪੰਨਾ 67
2. ਸ. ਸ. ਅਮੋਲ, ਪਤਿਤ-ਪਾਵਨ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 1957, ਪੰਨਾ 63
3. ਉਹੀ ਪੰਨਾ 80
4. ਉਹੀ, ਪੰਨਾ 85
5. ਪ੍ਰੋ. ਹਰਚਰਨ ਸਿੰਘ, ਪੁੰਨਿਆ ਦਾ ਚੰਨ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1969 ਪੰਨਾ-77
6. ਆਤਮਜੀਤ ਸਿੰਘ ਅਮਰ, ਗੁਰੂ ਨਾਨਕ-ਨਾਟ ਅਧਿਅਨ, ਅਮੋਲ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਮਿਤੀ ਹੀਣ, ਪੰਨਾ 26